# ਜਮਾਤ 10ਵੀਂ -ਕੰਪਿਊਟਰ ਸਾਇੰਸ

## ਮਾਡਲ ਪ੍ਰਸ਼ਨ ਪੱਤਰ (ਸੈਸ਼ਨ: 2024-25)

## (ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ)

**ਸਮਾਂ: 2 ਘੰਟੇ** | **ਕੁੱਲ ਅੰਕ: 50**

**ਨੋਟ:**

1. ਪ੍ਰਸ਼ਨ ਪੱਤਰ ਤਿੰਨ੍ਹ ਭਾਗਾਂ (ਭਾਗ ੳ, ਭਾਗ ਅ ਅਤੇ ਭਾਗ ੲ) ਵਿਚ ਵੰਡਿਆ ਹੋਵੇਗਾ।
2. ਭਾਗ-ੳ ਵਿਚ ਪ੍ਰਸ਼ਨ ਨੰਬਰ 1 ਤੋਂ 2 ਤੱਕ ਹੋਣਗੇ।
   i. ਪ੍ਰਸ਼ਨ ਨੰ 1 ਵਿਚ 2-2 ਅੰਕ ਵਾਲੇ 8 ਪ੍ਰਸ਼ਨ ਬਹੁ-ਵਿਕਲਪੀ ਅਤੇ ਖਾਲੀ ਥਾਵਾਂ ਭਰੋ ਕਿਸਮਾਂ ਦੇ ਹੋਣਗੇ।
   ii. ਪ੍ਰਸ਼ਨ ਨੰ 2 ਵਿਚ 2-2 ਅੰਕ ਵਾਲੇ 7 ਪ੍ਰਸ਼ਨ ਪੂਰੇ ਰੂਪ, ਸਹੀ/ਗਲਤ, ਅਤੇ ਸ਼ਾਰਟਕੱਟ ਕੀਅਜ਼ ਕਿਸਮਾਂ ਦੇ ਹੋਣਗੇ।
3. ਭਾਗ-ਅ ਵਿਚ ਪ੍ਰਸ਼ਨ ਨੰਬਰ 3 ਤੋਂ 10 ਤੱਕ 3-3 ਅੰਕਾਂ ਦੇ ਛੋਟੇ ਉੱਤਰਾਂ ਵਾਲੇ 8 ਪ੍ਰਸ਼ਨ ਹੋਣਗੇ, ਜਿਹਨਾਂ ਵਿਚੋਂ ਕੋਈ 4 ਪ੍ਰਸ਼ਨ ਹੱਲ ਕਰਨੇ ਹੋਣਗੇ।
4. ਭਾਗ-ੲ ਵਿਚ ਪ੍ਰਸ਼ਨ ਨੰਬਰ 11 ਤੋਂ 14 ਤੱਕ 4-4 ਅੰਕਾਂ ਦੇ ਵੱਡੇ ਉਤਰਾਂ ਵਾਲੇ 4 ਪ੍ਰਸ਼ਨ ਹੋਣਗੇ, ਜਿਹਨਾਂ ਵਿਚੋਂ ਕੋਈ 2 ਪ੍ਰਸ਼ਨ ਹੱਲ ਕਰਨੇ ਹੋਣਗੇ।

## ਭਾਗ-ੳ (15x2=30)

### ਵਸਤੂਨਿਸ਼ਠ ਕਿਸਮ ਦੇ ਪ੍ਰਸ਼ਨ

**ਪ੍ਰਸ਼ਨ: 1 ਬਹੁ-ਵਿਕਲਪੀ ਅਤੇ ਖਾਲੀ ਥਾਵਾਂ ਭਰੋ ਕਿਸਮਾਂ ਦੇ ਪ੍ਰਸ਼ਨ**

i ਕਿਹੜੇ ਸਾੱਫਟਵੇਅਰ ਕੰਪਿਊਟਰ ਨੂੰ ਓਪਰੇਟ ਕਰਨ, ਕੰਟਰੋਲ ਕਰਨ ਅਤੇ ਪ੍ਰੋਸੈਸਿੰਗ ਸਮਰੱਥਾਵਾਂ ਨੂੰ ਵਧਾਉਣ ਲਈ ਡਿਜ਼ਾਈਨ ਕੀਤੇ ਗਏ ਹਨ?

ੳ. ਐਪਲੀਕੇਸ਼ਨ ਸਾਫਟਵੇਅਰ

ਅ. ਸਿਸਟਮ ਸਾਫਟਵੇਅਰ

ੲ. ਗੂਗਲ ਦੇ ਆਨਲਾਈਨ ਆਫਿਸ ਟੂਲਜ਼

ਸ. ਉਪਰੋਕਤ ਸਾਰੇ

ii ਵੈਬ ਪੇਜ ਵਿਚ ______ ਟੈਗ ਦੀ ਵਰਤੋਂ ਟੈਕਸਟ ਅਤੇ ਤਸਵੀਰਾਂ ਆਦਿ ਨੂੰ ਸਕ੍ਰੋਲ (scroll) ਕਰਨ ਲਈ ਕੀਤੀ ਜਾਂਦਾ ਹੈ।

ੳ. <title>

ਅ. <center>

ੲ. <marquee>

ਸ. <sup>

iii ਵੈਬ ਸਰਵਰ ਨੂੰ ਫਾਰਮ-ਡੇਟਾ ਭੇਜਣ ਲਈ ਕਿਹੜੀ HTTP ਵਿਧੀ ਵਰਤੀ ਜਾਂਦੀ ਹੈ?

ੳ. GET ਅਤੇ SET

ਅ. GET ਅਤੇ POST

ੲ. POST ਅਤੇ SEND

ਸ. GET ਅਤੇ SEND

iv ਆਕਰਸ਼ਕ ਇਸ਼ਤਿਹਾਰਬਾਜ਼ੀ ਅਤੇ ਪ੍ਰਚਾਰ ਸਮੱਗਰੀ ਦੇ ਡਿਜ਼ਾਈਨ ਅਤੇ ਉਤਪਾਦਨ ਲਈ ਵਰਤੀ ਜਾਣ ਵਾਲੀ ਇੱਕ ਐਪਲੀਕੇਸ਼ਨ ਦੀ ਚੋਣ ਕਰੋ:

ੳ. ਵਰਡ-ਪ੍ਰੋਸੈਸਰ

ਅ. ਸਪ੍ਰੈਡਸ਼ੀਟ

ੲ. ਪਬਲੀਸ਼ਰ

ਸ. ਪ੍ਰੈਜ਼ਨਟੇਸ਼ਨ

v ਇਹਨਾਂ ਵਿੱਚੋਂ ਕਿਹੜਾ ਡੈਸਟਾਪ ਪਬਲਿਸ਼ਿੰਗ ਸਾਫਟਵੇਅਰ ਦੀ ਉਦਾਹਰਣ ਨਹੀਂ ਹੈ?

ੳ. ਕੋਰਲ ਡਰਾਅ

ਅ. ਵਰਡ ਪ੍ਰੋਸੈਸਰ

ੲ. GIMP

ਸ. ਐਡੋਬ ਫੋਟੋਸ਼ਾਪ

vi ___________ ਇੰਟਰਨੈਟ ਅਤੇ ਸਾਡੇ ਲੋਕਲ ਏਰੀਆ ਨੈਟਵਰਕ ਦੇ ਵਿਚਕਾਰ ਇੱਕ ਸੁਰੱਖਿਆ ਗਾਰਡ ਵਜੋਂ ਕੰਮ ਕਰਦੀ ਹੈ।

vii _______ ਕਿਸੇ ਵਸਤੂ ਦੀ ਤਸਵੀਰ ਜਾਂ ਵਿਜ਼ੁਅਲ ਪ੍ਰਤੀਨਿਧਤਾ (Visual Representation) ਹੁੰਦੀ ਹੈ।

viii ਰਿਜ਼ਿਊਮ ਤੋਂ ਲੰਬਾ ________ ਹੁੰਦਾ ਹੈ ਜੋ ਘੱਟੋ ਘੱਟ ਦੋ ਜਾਂ ਤਿੰਨ ਪੇਜਾਂ ਵਿਚ ਹੁੰਦਾ ਹੈ?

ਪ੍ਰਸ਼ਨ: 2 ਹੇਠ ਲਿਖੇ ਅਨੁਸਾਰ ਪ੍ਰਸ਼ਨਾਂ ਦੇ ਉਤਰ ਲਿਖੋ।

i <OL> ਦਾ ਪੂਰਾ ਨਾਂ ਕੀ ਹੈ?

ii <U> ਟੈਗ ਦਾ ਪੂਰਾ ਨਾਂ ਕੀ ਹੈ?

iii <UL> ਦਾ ਪੂਰਾ ਨਾਂ ਕੀ ਹੈ?

iv GIF ਦਾ ਪੂਰਾ ਨਾਂ ਕੀ ਹੈ?

v ਵੱਖ-ਵੱਖ ਤਰ੍ਹਾਂ ਦੇ ਆਫਿਸ ਟੂਲਜ਼ ਐਪਲੀਕੇਸ਼ਨ ਸਾਫਟਵੇਅਰਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। (ਸਹੀ/ਗਲਤ)

vi ਐਂਟੀ-ਮਾਲਵੇਅਰ ਕੰਪਿਊਟਰ ਪ੍ਰੋਗਰਾਮ ਹੁੰਦੇ ਹਨ ਜੋ ਮਾਲਵੇਅਰਜ਼ ਨੂੰ ਰੋਕਣ, ਲੱਭਣ ਅਤੇ ਖਤਮ ਕਰਨ ਲਈ ਵਰਤੇ ਜਾਂਦੇ ਹਨ। (ਸਹੀ/ਗਲਤ)

vii ਪਬਲੀਸ਼ਰ ਬੰਦ ਕਰਨ ਤੋਂ ਪਹਿਲਾਂ ਸਾਨੂੰ ਸਾਰੇ ਪਬਲੀਕੇਸ਼ਨ ਬੰਦ ਨਹੀਂ ਕਰਨੇ ਚਾਹੀਦੇ। (ਸਹੀ/ਗਲਤ)

## ਭਾਗ-ਅ (4x3=12)

### ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਕੋਈ ਚਾਰ ਪ੍ਰਸ਼ਨ ਕਰੋ।)

ਪ੍ਰਸ਼ਨ:3. ਆਫਿਸ ਟੂਲਸ ਦੀ ਪਰਿਭਾਸ਼ਾ ਦਿਓ?

ਪ੍ਰਸ਼ਨ:4. HTML ਵਿਚ ਫਾਰਮੈਟਿੰਗ ਲਈ ਵਰਤੇ ਜਾਣ ਵਾਲੇ ਕੋਈ 5 ਟੈਗਜ਼ ਦੇ ਨਾਂ ਲਿਖੋ।

ਪ੍ਰਸ਼ਨ:5. ਟੇਬਲ ਦੀ ਬੈਕਗ੍ਰਾਊਂਡ ਨੂੰ ਫਾਰਮੇਟ ਕਰਨ ਲਈ <table> ਟੈਗ ਵਿਚ ਵਰਤੇ ਜਾਣ ਵਾਲੇ ਵੱਖ-ਵੱਖ ਐਟਰੀਬਿਊਟਸ ਦਾ ਵਰਨਣ ਕਰੋ।

ਪ੍ਰਸ਼ਨ:6. ਡੈਫੀਨੇਸ਼ਨ ਲਿਸਟ (Definition List) ਕੀ ਹੁੰਦੀ ਹੈ?

ਪ੍ਰਸ਼ਨ:7. ਵੈਬ-ਫਾਰਮਜ਼ ਵਿਚ ਵਰਤੇ ਜਾਣ ਵਾਲੇ ਵਖ-ਵੱਖ ਕੰਟਰੋਲ ਦੇ ਨਾਂ ਲਿਖੋ।

ਪ੍ਰਸ਼ਨ:8. HTML ਫਾਰਮਾਂ ਵਿੱਚ ਵਰਤੇ ਜਾਂਦੇ ਵੱਖ -ਵੱਖ ਕਿਸਮਾਂ ਦੇ ਬਟਨ ਕਿਹੜੇ ਹੁੰਦੇ ਹਨ?

ਪ੍ਰਸ਼ਨ:9. “WYSIWYG” ਤੋਂ ਤੁਹਾਡਾ ਕੀ ਭਾਵ ਹੈ?

ਪ੍ਰਸ਼ਨ:10. ਰਨ ਕਮਾਂਡ ਦੀ ਵਰਤੋਂ ਨਾਲ ਪਬਲੀਸ਼ਰ ਨੂੰ ਕਿਵੇਂ ਸਟਾਰਟ ਕੀਤਾ ਜਾਂਦਾ ਹੈ?

## ਭਾਗ-ੲ (2x4=8)

### ਵੱਡੇ ਉੱਤਰਾਂ ਵਾਲੇ ਪ੍ਰਸ਼ਨ (ਕੋਈ ਦੋ ਪ੍ਰਸ਼ਨ ਕਰੋ)

ਪ੍ਰਸ਼ਨ:11. ਆਫਲਾਈਨ ਅਤੇ ਆਨਲਾਈਨ ਆਫਿਸ ਟੂਲਜ਼ ਦੀ ਤੁਲਨਾ ਕਰੋ।

ਪ੍ਰਸ਼ਨ:12. ਸਾਫਟਵੇਅਰ ਕੀ ਹੁੰਦੇ ਹਨ? ਵੱਖ-ਵੱਖ ਕਿਸਮਾਂ ਦੇ ਸਾਫਟਵੇਅਰਜ਼ ਦਾ ਵਰਨਣ ਕਰੋ।

ਪ੍ਰਸ਼ਨ:13. ਓਪਰੇਟਿੰਗ ਸਿਸਟਮ ਦੇ ਵੱਖ-ਵੱਖ ਫੰਕਸ਼ਨਾਂ ਦਾ ਵਰਨਣ ਕਰੋ।

ਪ੍ਰਸ਼ਨ:14. ਸਿੰਗਲ ਯੂਜ਼ਰ ਅਤੇ ਮਲਟੀ-ਯੂਜ਼ਰ ਓਪਰੇਟਿੰਗ ਸਿਸਟਮਾਂ ਵਿਚਕਾਰ ਅੰਤਰ ਲਿਖੋ।